ਵੱਲੋਂ

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ) ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਸਮੂਹ ਅਪਰੂਵਿੰਗ ਅਥਾਰਟੀਆਂ
ਰਜਿਸਟਰਾਰ (ਅਪਰੂਵਿੰਗ ਅਥਾਰਟੀਜ)

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ।
2. ਡਾ: ਬੀ ਆਰ ਅੰਬੇਦਕਰ ਨੈਸ਼ਨਲ ਇਸ : ਆਫ ਟੈਕ: ਜਲੰਧਰ।
3. ਇੰਡੀਅਨ ਇੰਸ : ਆਫ ਟੈਕ : ਰੋਪੜ।
4. ਸੰਤ ਲੋਗੋਂਵਾਲ ਇੰਸ ਆਫ ਇੰਜੀ : ਅਤੇ ਟੈਕ : ਸੰਗਰੂਰ।
5. ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਮੋਹਾਲੀ।
6. ਥਾਪਰ ਯੂਨੀਵਰਸਿਟੀ ਪਟਿਆਲਾ ।
7 ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ, ਬਠਿੰਡਾ।
8. ਸੈਂਟਰਲ ਇੰਸ: ਆਫ ਪਲਾਸਟਿਕ ਇੰਜ:ਐਂਡ ਟੈਕਨਾਲੋਜੀ ਅੰਮ੍ਰਿਤਸਰ।

9-24 ਪ੍ਰਿੰਸੀਪਲ
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ,ਬਟਾਲਾ,ਬਹਿਰਾਮ, ਬੇਗੋਵਾਲ, ਬਰੇਟਾ, ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ, ਫਤੂਹੀਖੇੜਾ, ਰਾਂਣਵਾ, ਖੂਨੀ ਮਾਜਰਾ, ਕੋਟਕਪੂਰਾ, ਫਿਰੋਜਪੁਰ, ਬਡਬਰ ਅਤੇ ਤਲਵਾੜਾ ।

25-30ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਅੰਮ੍ਰਿਤਸਰ, ਜਲੰਧਰ, ਦੀਨਾਨਗਰ, ਪਟਿਆਲਾ, ਲੁਧਿਆਣਾ ਅਤੇ ਰੋਪੜ

31 ਪ੍ਰਿੰਸੀਪਲ ਗੋਰਮਿੰਟ ਇੰਸ : ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ : ਲੁਧਿਆਣਾ ।

ਮੀਮੋ ਨੰ:1/ਟੀ੍ਈ/ /ਸਕਾਲਰਸ਼ਿਪ/ ਮਿਤੀ:

ਵਿਸ਼ਾ - ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ ਵੈਲਫੇਅਰ ਬੋਰਡ ਦੇ ਪੰਜੀਕ੍ਰਿਤ ਉਸਾਰੀ ਲਾਭਪਾਤਰੀਆਂ ਦੇ ਬੱਚਿਆਂ ਨੂੰ ਪੜ੍ਹਾਈ ਦੋਰਾਨ ਵਜੀਫੇ ਦੇਣ ਬਾਰੇ ਸਕੀਮ।

ਇਸ ਵਿਭਾਗ ਨੂੰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ ਵੈਲਫੇਅਰ ਬੋਰਡ 17 ਬੇਜ਼ ਬਿਲਡਿੰਗ ਸੈਕਟਰ 17 - ਡੀ ਚੰਡੀਗੜ ਵੱਲੋਂ ਪੱਤਰ ਨੰ: 2323 ਮਿਤੀ 21-03-2017 ਪ੍ਰਾਪਤ ਹੋਇਆ ਹੈ । ਆਪ ਨੂੰ ਇਹ ਪੱਤਰ ਸਮੇਤ ਸਹਿ ਪੱਤਰਾਂ ਦੇ ਭੇਜਦਿਆ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਅਤੇ ਆਪ ਦੇ ਅਧੀਨ ਸੰਸਥਾਵਾ ਵਿੱਚ ਪੜ ਰਹੇ ਲਾਭਪਾਤਰੀ, ਜ਼ੋ ਇਸ ਪੱਤਰ ਦੀਆਂ ਸ਼ਰਤਾ ਅਨੁਸਾਰ ਕਵਰ ਹੁੰਦੇ ਹਨ, ਉਹਨਾ ਵੱਲੋਂ ਇਸ ਸਕੀਮ ਅਧੀਨ ਆਪਣੇ ਬੱਚੇ ਲਈ ਵਜੀਫਾ ਲੈਣ ਲਈ ਦਰਖਾਸਤ ਨਿਰਧਾਰਤ ਪ੍ਰਾਫਰਮੇ (ਕਾਪੀ ਅਨੁਲੱਗ-ਅ) ਵਿੱਚ ਤਿਆਰ ਕਰਕੇ ਅਤੇ ਸਬੰਧਤ ਵਿਦਿਅਕ ਸੰਸਥਾ ਪਾਸੋਂ ਤਸਦੀਕ ਕਰਵਾਕੇ ਸਿੱਧੇ ਹੀ ਸਬੰਧਤ ਮਹਿਕਮੇ ਨੂੰ ਭੇਜੀਆਂ ਜਾਣ।

ਵਧੀਕ ਡਾਇਰੈਕਟਰ
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਨੱਥੀ :ਉਪਰੋਕਤ ਅਨੁਸਾਰ।

# ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸਨ ਵਰਕਰਜ ਵੈਲਫੇਅਰ ਬੋਰਡ
## 17 ਬੇਜ਼ ਬਿਲਡਿੰਗ ਸੈਕਟਰ 17-ਡੀ,ਚੰਡੀਗੜ੍ਹ।
## ( ਟੈਲੀਫੋਨ ਨੰ:0172-2540125)

ਸੇਵਾ, ਵਿਖੇ

1) ਡਾਇਰੈਕਟਰ,
ਪਬਲਿਕ ਇੰਸਟਕਰਸ਼ਨ ( ਕਾਲਜਾਂ) ਪੰਜਾਬ,ਚੰਡੀਗੜ੍ਹ।
2) ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,ਚੰਡੀਗੜ੍ਹ।

ਨੰ: ਬਕਵਵਬ/ਭਲਾਈ ਸਕੀਮ/ਵਜੀਫਾ/2017/2323
ਮਿਤੀ: 21.3.17

ਵਿਸ਼ਾ:- **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਪੰਜੀਕ੍ਰਿਤ ਉਸਾਰੀ ਲਾਭਪਾਤਰੀਆਂ ਦੇ ਬੱਚਿਆਂ ਨੂੰ ਪੜ੍ਹਾਈ ਦੌਰਾਨ ਵਜੀਫੇ ਦੇਣ ਬਾਰੇ ਸਕੀਮ।**

ਹਵਾਲਾ: **ਇਸ ਦਫਤਰ ਦਾ ਪੱਤਰ ਨੰ: ਬਕਵਵਬ/ਭਲਾਈ ਸਕੀਮ/ ਵਜੀਫੇ/2015/6003-6006 ਮਿਤੀ 26.10.2015 ਅਤੇ ਨੰ:2743-2745 ਮਿਤੀ 8.4.2016 ਉਕਤ ਵਿਸ਼ੇ ਤੇ (ਕਾਪੀਆਂ ਨੱਥੀ) ।**

ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ (ਰਜਿ.) ਪੰਜਾਬ ਵੱਲੋਂ ਆਪਣੀ ਪ੍ਰਤੀਬੇਨਤੀ ਮਿਤੀ 16.3.2017 ( **ਕਾਪੀ ਨੱਥੀ** ) ਰਾਹੀਂ ਇਸ ਦਫਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਜਦੋਂ ਉਸਾਰੀ ਕਿਰਤੀ ਆਪਣੇ ਬੱਚਿਆਂ ਲਈ ਬੀ.ਓ.ਸੀ. ਡਵਲਿਯੂ. ਬੋਰਡ ਤੋਂ ਵਜੀਫਾ ਪ੍ਰਾਪਤ ਕਰਨ ਲਈ ਲੋੜੀਂਦੇ ਫਾਰਮ ਤਸਦੀਕ ਕਰਾਉਣ ਲਈ ਕਾਲਜਾਂ/ਯੂਨੀਵਰਸਿਟੀਆਂ ਅਤੇ ਪੋਲਟੈਕਨੀਕਲ ਕਾਲਜਾਂ ਵਿਖੇ ਜਾਂਦੇ ਹਨ ਤਾਂ ਸਬੰਧਤ ਵਿਦਿਅਕ/ਤਕਨੀਕੀ ਅਦਾਰੇ ਵੱਲੋਂ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਡਾਇਰੈਕਟੋਰੇਟ ਪੱਧਰ ਤੇ ਕੋਈ ਵੀ ਅਜਿਹੀਆਂ ਹਦਾਇਤਾਂ ਪ੍ਰਾਪਤ ਨਹੀਂ ਹੋਈਆਂ ਹਨ ਅਤੇ ਜਦੋਂ ਡਾਇਰੈਕਟੋਰਟ ਲੈਵਲ ਤੇ ਕੋਈ ਪੱਤਰ/ਹਦਾਇਤਾਂ ਪ੍ਰਾਪਤ ਹੋਣਗੀਆਂ ਤਦ ਉਪਰੰਤ ਉਹ ਉਨ੍ਹਾਂ ਦੇ ਫਾਰਮ ਤਸਦੀਕ ਕਰਨਗੇ। ਇਸ ਸਬੰਧ ਵਿੱਚ ਯੂਨੀਅਨ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਡੀ.ਪੀ ਆਈ.( ਕਾਲਜ) ਪੰਜਾਬ ਅਤੇ ਡਾਇਰੈਕਟਰ, ਤਕਨੀਕੀ ਸਿਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਨੂੰ ਲਿਖਿਆ ਜਾਵੇ ਕਿ ਉਹ ਆਪਣੇ ਅਧੀਨ ਪੈਂਦੀਆਂ ਯੂਨੀਵਰਸਿਟੀਆਂ/ਕਾਲਜਾਂ ਨੂੰ ਹਦਾਇਤ ਕਰਨ ਕਿ ਬੋਰਡ ਵੱਲੋਂ ਵਜੀਫਾ ਪ੍ਰਾਪਤ ਕਰਨ ਦੇ ਸਬੰਧ ਵਿੱਚ ਉਸਾਰੀ ਕਿਰਤੀਆਂ ਦੇ ਬੱਚਿਆਂ ਦੇ ਵਜੀਫਾ ਫਾਰਮ ਤਸਦੀਕ ਕੀਤੇ ਜਾਣ ਤਾਂ ਜ਼ੋ ਉਹ ਬੀ.ਓ.ਸੀ. ਡਵਲਿਯੂ. ਬੋਰਡ ਵੱਲੋ ਚਲਾਈ ਜਾ ਰਹੀ ਵਜੀਫਾ ਸਕੀਮ ਦਾ ਲਾਭ ਉਠਾ ਸਕਣ।

ਉਕਤ ਸਬੰਧ ਵਿੱਚ ਆਪ ਜੀ ਦਾ ਧਿਆਨ ਇਸ ਦਫਤਰ ਵੱਲੋਂ ਜਾਰੀ ਹਵਾਲਾ ਅਧੀਨ ਪੱਤਰਾਂ ਵੱਲ ਦਿਵਾਇਆ ਜਾਂਦਾ ਹੈ ਜਿਸ ਰਾਹੀਂ ਬੋਰਡ ਵੱਲੋਂ ਰਜਿਸਟਰਡ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਲਾਗੂ ਕੀਤੀ ਗਈ ਵਜੀਫਾ ਸਕੀਮ ਦੀ ਕਾਪੀ ਭੇਜਦੇ ਹੋਏ ਬੇਨਤੀ ਕੀਤੀ ਗਈ ਸੀ ਕਿ ਆਪਣੇ ਆਪਣੇ ਅਧੀਨ ਆਉਂਦੇ ਸਕੂਲਾਂ/ਕਾਲਜਾਂ/ ਵਿਦਿਅਕ ਅਤੇ ਤਕਨੀਕੀ ਸੰਸਥਾਵਾਂ ਦੇ ਮੁੱਖੀਆਂ/ਪ੍ਰਿੰਸੀਪਲਾਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਉਹ ਬੋਰਡ ਦੇ ਲਾਭਪਾਤਰੀਆਂ ਦੇ ਬੱਚਿਆਂ ਦੇ ਵਜੀਫਿਆਂ ਸਬੰਧੀ ਦਰਖਾਸਤ ਫਾਰਮਾਂ ਵਿੱਚ ਦਿੱਤੇ ਸਰਟੀਫੀਕੇਟ ਤੇ ਹਸਤਾਖਰ ਕਰਨ ਵਿੱਚ ਦੇਰੀ ਜਾਂ ਗੁਰੇਜ਼ ਨਾ ਕਰਨ। ਪਰ ਉਕਤ ਯੂਨੀਅਨ ਵੱਲੋਂ ਦਿੱਤੇ ਗਏ ਬਿਨੈਪੱਤਰ ਮੁਤਾਬਕ ਉਨ੍ਹਾਂ ਵੱਲੋਂ ਅਜਿਹਾ ਨਹੀਂ ਕੀਤਾ ਜਾ ਰਿਹਾ,ਜਿਸ ਕਾਰਨ ਉਸਾਰੀ ਕਿਰਤੀਆਂ ਨੂੰ ਬੋਰਡ ਵੱਲੋਂ ਚਲਾਈ ਗਈ ਵਜੀਫਾ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਵਿੱਚ ਮੁਸ਼ਕਲਾਤਾਂ ਪੇਸ਼ ਆ ਰਹੀਆਂ ਹਨ।

ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਤਆਪਣੇ ਆਪਣੇ ਅਧੀਨ ਵਿਦਿਅਕ/ਤਕਨੀਕੀ ਸੰਸਥਾਵਾਂ ਦੇ ਮੁੱਖੀਆਂ/ਪ੍ਰਿੰਸੀਪਲਾਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਕਿ ਬੋਰਡ ਦੇ ਰਜਿਸਟਰਡ ਲਾਭਪਾਤਰੀਆਂ ਵੱਲੋਂ ਆਪਣੇ ਬੱਚਿਆਂ ਦੇ ਜ਼ੋ ਵਜੀਫਾ ਫਾਰਮ ਪੇਸ਼ ਕੀਤੇ ਜਾਣ ਉਹ ਤਸਦੀਕ ਕਰਨ ਵਿਚ ਕੋਈ ਗੁਰੇਜ਼ ਜਾਂ ਦੇਰੀ ਨਾ ਕੀਤੀ ਜਾਵੇ ਤਾਂ ਜ਼ੋ ਯੋਗ ਵਿਦਿਆਰਥੀ ਬੋਰਡ ਦੀ ਇਸ ਸਕੀਮ ਦਾ ਪੂਰਾ ਪੂਰਾ ਲਾਭ ਉਠਾ ਸਕਣ। ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ **ਜੇਕਰ ਲਾਭਪਾਤਰੀ ਦੇ ਬੱਚਿਆਂ ਨੂੰ ਵਜੀਫਾ ਸਕੀਮ ਅਧੀਨ ਕਿਸੇ ਹੋਰ ਸੰਸਥਾ/ਵਿਭਾਗ ਤੋਂ ਲਾਭ ਮਿਲ ਰਿਹਾ ਹੈ ਤਾਂ ਵੀ ਉਸ ਨੂੰ ਬੋਰਡ ਵੱਲੋਂ ਇਸ ਸਕੀਮ ਦਾ ਪੂਰਾ ਲਾਭ ਦਿੱਤਾ ਜਾਵੇਗਾ।**

ਨੱਥੀ/ਉਕਤ ਅਨੁਸਾਰ

ਪਿਠ ਅੰਕਣ ਨੰ:ਬਕਵਵਬ/ਭਲਾਈ ਸਕੀਮ/ ਵਜੀਫੇ/2015/
ਮਿਤੀ:

ਇਸ ਦਾ ਉਤਾਰਾ ਕਾਮਰੇਡ ਸ੍ਰੀ ਸੁੱਚਾ ਸਿੰਘ ਕੌਲ, ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ(ਰਜਿ)ਪੰਜਾਬ (ਸੀਟੂ)ਨਾਭਾ ਜਿਲ੍ਹਾ ਪਟਿਆਲਾ ਨੂੰ ਉਨ੍ਹਾਂ ਦੇ ਪੱਤਰ ਮਿਤੀ 16.3.2017 ਦੇ ਹਵਾਲੇ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

-ਸ/ਹੀ-
**ਡਿਪਟੀ ਸਕੱਤਰ**

# ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ (ਰਜ਼ਿ) ਪੰਜਾਬ (ਸੀਟੂ

Suchasinghkaul@gmail.com
95929-19715

ਵੱਲ,

ਕਿਰਤ ਕਮਿਸ਼ਨਰ ਕਮ-ਚੇਅਰਮੈਨ
ਪੰਜਾਬ ਬਿਲਡਿੰਗ ਐਂਡ ਅਦਰ ਕੰਸਟਕਸ਼ਨ ਵਰਕਸ ਵੈਲਫੇਅਰ ਬੋਰਡ
ਚੰਡੀਗੜ੍ਹ।

ਵਿਸ਼ਾ :- ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਵਜੀਫਾ ਪ੍ਰਾਪਤ ਕਰਨ ਵਿੱਚ ਸਕੂਲਾਂ ਕਾਲਜਾਂ ਵਿੱਚੋਂ ਆਉਦੀਆ ਮੁਸਕਿਲਾਂ ਸੰਬੰਧੀ ਬਿਨੈ-ਪੱਤਰ।

ਸ਼੍ਰੀਮਾਨ ਜੀ,

ਬੇਨਤੀ ਕੀਤੀ ਜਾਦੀ ਹੈ ਕਿ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਬੋਰਡ ਵੱਲੋ ਜੋ ਵਜੀਫਾ ਦਿੱਤਾ ਜਾਦਾ ਹੈ। ਉਸਨੂੰ ਪ੍ਰਾਪਤ ਕਰਨ ਦੇ ਲਈ ਸਕੂਲਾਂ ਕਾਲਜਾਂ ਯੂਨੀਵਰਸਿਟੀਆਂ ਅਤੇ ਪੋਲੀਟੈਕਨੀਕਲ ਕਾਲਜਾਂ ਅੰਦਰ ਤਸਦੀਕ ਕਰਵਾਉਣ ਦੇ ਵਿੱਚ ਮਜ਼ਦੂਰਾਂ ਨੂੰ ਦਿੱਕਤਾ ਮਹਿਸੂਸ ਹੁੰਦੀਆ ਹਨ। ਇਹ ਮੁਸਕਿਲ ਪਹਿਲਾ ਵੀ ਕਈ ਵਾਰੀ ਜੱਥੇਬੰਦਕ ਰੂਪ ਦੇ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਦੀ ਗਈ ਹੈ। ਪਰ ਕਾਲਜਾਂ ਯੂਨੀਵਰਸਿਟੀਆਂ ਅਤੇ ਪੋਲੀਟੈਕਨੀਕਲ ਕਾਲਜ ਉਸੇ ਤਰ੍ਹਾਂ ਹੈਰਾਨ ਪ੍ਰੇਸਾਨ ਕਰ ਰਹੇ ਹਨ। ਮਿਸਾਲ ਦੇ ਤੋਰ ਤੇ ਪਟਿਆਲਾ ਪੋਲੀਟੈਕਨੀਕਲ ਕਾਲਜ ਰੱਖੜਾ ਦੇ ਪ੍ਰਬੰਧਕ ਕਿਰਤੀ ਮਜਦੂਰਾਂ ਦੇ ਬੱਚਿਆਂ ਨੂੰ ਹੀ ਜਬਾਬ ਨਹੀਂ ਦਿੰਦੇ ਸਗੋ ਮਹਿਕਮੇ ਅਤੇ ਜੰਥੇਬੰਦੀ ਦੇ ਕਾਰਕੂਨਾਂ ਨੂੰ ਵੀ ਸਾਫ ਜਬਾਬ ਦੇ ਰਹੇ ਹਨ। ਕਿ ਸਾਨੂੰ ਡਾਇਰੈਕਟਰ ਲੇਵਲ ਤੋ ਕੋਈ ਲੈਟਰ ਆਵੇਗਾ। ਤਾਂ ਅਸੀਂ ਉਸਾਰੀ ਕਿਰਤੀਆਂ ਦੇ ਬੱਚਿਆਂ ਦੇ ਫਾਰਮ ਤਸਦੀਕ ਕਰਾਗੇ। ਆਪ ਜੀ ਨੂੰ ਬੇਨਤੀ ਕੀਤੀ ਜਾਦੀ ਹੈ। ਕਿ ਪੰਜਾਬ ਪੱਧਰ ਤੇ ਡਾਇਰੈਕਟਰ ਆਫ ਟੈਕਨੀਕਲ ਕਾਲਜ ਡੀ.ਪੀ.ਆਈ ਕਾਲਜ਼ ਪੰਜਾਬ ਨੂੰ ਫੋਰੀ ਤੋਰ ਤੇ ਬੋਰਡ ਵੱਲੋ ਹਦਾਇਤਾ ਕੀਤੀਆਂ ਜਾਣ ਕਿ ਉਸਾਰੀ ਕਿਰਤੀਆਂ ਦੇ ਬੱਚਿਆਂ ਦੇ ਲਾਭ ਪ੍ਰਾਪਤ ਕਰਨ ਲਈ ਆਉਦੀਆ ਮੁਸਕਿਲਾ ਦਾ ਹੱਲ ਕਰਨ ਕਿਉਂਕਿ ਵਿਦਿਅਕ ਸ਼ੈਸਨ 31 ਮਾਰਚ ਤੱਕ ਪੂਰਾ ਹੋਣ ਜਾ ਰਿਹਾ ਹੈ। ਇਸ ਤੋ ਮਗਰੋ ਕਿਰਤੀ ਮਜ਼ਦੂਰਾਂ ਨੂੰ ਵੱਡਾ ਨੁਕਸਾਨ ਹੋਣਾ ਹੈ।

ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ ਸ਼ੰਕੇਤਕ ਚਿਤਾਵਨੀ ਦਿੰਦੀ ਹੈ। ਕਿ ਜੇਕਰ ਉਸਾਰੀ ਕਿਰਤੀਆਂ ਦੀਆਂ ਮੁਸਕਿਲਾ ਵੱਲ ਫੋਰੀ ਤੋਰ ਤੇ ਧਿਆਨ ਨਾ ਦਿੱਤਾ ਗਿਆ। ਤਾ ਜੱਥੇਬੰਦੀ ਪੰਜਾਬ ਪੱਧਰ ਤੇ ਉਸਾਰੀ ਕਿਰਤੀਆਂ ਨੂੰ ਲਾਮਬੰਦ ਕਰਕੇ ਤਿੱਖਾ ਸੰਘਰਸ ਕਰਨ ਦੇ ਲਈ ਮਜਬੂਰ ਹੋਵੇਗੀ ਜਿਸ ਦੀ ਜਿੰਮੇਵਾਰੀ ਬੋਰਡ ਅਤੇ ਸਥਾਨਕ ਸਰਕਾਰਾਂ ਦੀ ਹੋਵੇਗੀ।

ਆਪ ਜੀ ਦੇ ਵਿਸ਼ਵਾਸਪਾਤਰ
Com- Sucha Singh Kaul
ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ ਰਜ਼ਿ ਪੰਜਾਬ (ਪੰਜਾਬ)

95929-19715

95929-87850

16/3/17

98559-78972

# ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ

17 ਬੇਜ਼ ਬਿਲਡਿੰਗ, ਸੈਕਟਰ 17-ਡੀ, ਚੰਡੀਗੜ੍ਹ।
(0172-2540125)

ਸੇਵਾ ਵਿਖੇ

1) ਡਾਇਰੈਕਟਰ,
ਪਬਲਿਕ ਇੰਸਟਰਕਸ਼ਨ (ਪ੍ਰਾਇਮਰੀ), ਪੰਜਾਬ, ਚੰਡੀਗੜ੍ਹ।
2) ਡਾਇਰੈਕਟਰ,
ਪਬਲਿਕ ਇੰਸਟਰਕਸ਼ਨ (ਸਕੈਂਡਰੀ), ਪੰਜਾਬ, ਚੰਡੀਗੜ੍ਹ।
3) ਡਾਇਰੈਕਟਰ,
ਪਬਲਿਕ ਇੰਸਟਰਕਸ਼ਨ (ਕਾਲਜ), ਪੰਜਾਬ, ਚੰਡੀਗੜ੍ਹ।
4) ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ।

ਨੰ:ਬਕਵਵਬ/ਭਲਾਈ ਸਕੀਮ/ਵਜੀਫੇ/2015/ 6003-6006
ਮਿਤੀ 26/10/15

ਵਿਸ਼ਾ:- **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਪੰਜੀਕ੍ਰਿਤ ਉਸਾਰੀ ਲਾਭਪਾਤਰੀਆਂ ਦੇ ਬੱਚਿਆਂ ਨੂੰ ਪੜਾਈ ਦੋਰਾਨ ਵਜੀਫੇ ਦੇਣ ਬਾਰੇ ਸਕੀਮ।**

ਆਪਨੂੰ ਸੂਚਿਤ ਕੀਤਾ ਜਾਂਦਾ ਹੈ ਕਿ **"ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਐਕਟ 1996"** (ਕੇਂਦਰੀ ਐਕਟ) ਦੀ ਧਾਰਾ 18 ਅਧੀਨ ਰਾਜ ਸਰਕਾਰ ਵਲੋਂ **"ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ"** ਦੀ ਸਥਾਪਨਾ ਕੀਤੀ ਗਈ ਹੈ। ਬੋਰਡ ਦਾ ਮੁੱਖ ਉਦੇਸ਼ ਹੈ ਰਾਜ ਵਿੱਚ ਉਸਾਰੀ ਕੰਮਾਂ ਵਿੱਚ ਲੱਗੇ ਉਸਾਰੀ ਕਿਰਤੀਆਂ ਨੂੰ ਲਾਭਪਾਤਰੀ ਰਜਿਸਟਰਡ ਕਰਕੇ ਉਨ੍ਹਾਂ ਅਤੇ ਉਨ੍ਹਾਂ ਦੇ ਪ੍ਰੀਵਾਰਾਂ ਦੀ ਭਲਾਈ ਲਈ ਐਕਟ/ਰੂਲਜ਼ ਦੇ ਉਪਬੰਧਾਂ ਮੁਤਾਬਕ ਵੱਖ-ਵੱਖ ਕਲਿਆਣਕਾਰੀ ਭਲਾਈ ਸਕੀਮਾਂ ਬਣਾਕੇ ਲਾਗੂ ਕਰਾਉਣਾ ਹੈ।

ਬੋਰਡ ਦੀ ਆਮਦਨ ਦਾ ਮੁੱਖ ਸਾਧਨ ਰਾਜ ਵਿੱਚ ਚਲ ਰਹੇ ਉਸਾਰੀ ਕੰਮਾਂ ਦੀ ਲਾਗਤ ਤੇ 1% ਸੈਸ ਦੀ ਵਸੂਲੀ ਹੈ, ਜਿਸ ਨਾਲ ਇਨ੍ਹਾਂ ਸਕੀਮਾਂ ਨੂੰ ਭਲੀ ਪ੍ਰਕਾਰ ਅਮਲ ਵਿੱਚ ਲਿਆਂਦਾ ਜਾਂਦਾ ਹੈ। ਇਸ ਵੇਲੇ ਬੋਰਡ ਵਲੋਂ ਤਕਰੀਬਨ 16-17 ਕਿਰਤ ਭਲਾਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਸਕੀਮਾਂ ਵਿਚੋਂ ਇਕ ਵਜੀਫਾ ਸਕੀਮ ਹੈ ਜਿਸ ਅਧੀਨ ਬੋਰਡ ਵਲੋਂ ਆਪਣੇ ਰਜਿਸਟਰਡ ਲਾਭਪਾਤਰੀਆਂ ਦੇ ਬੱਚਿਆਂ ਨੂੰ ਪਹਿਲੀ ਕਲਾਸ ਤੋਂ ਲੈਕੇ ਉੱਚ ਕਲਾਸਾਂ ਤੱਕ ਦੀ ਵਿਦਿਆ ਪ੍ਰਾਪਤ ਕਰਨ ਲਈ ਵੱਖ-ਵੱਖ ਦਰਾਂ ਦੇ ਹਿਸਾਬ ਨਾਲ 2800/- ਰੁਪਏ ਤੋਂ ਲੈਕੇ 58000/- ਰੁਪਏ ਤੱਕ ਦੀ ਰਕਮ ਦੇ ਵਜੀਫੇ ਮਨੰਜੂਰ ਕੀਤੇ ਜਾਂਦੇ ਹਨ। ਇਨ੍ਹਾਂ ਰਕਮਾਂ ਵਿੱਚ ਬੱਚਿਆਂ ਲਈ ਵਰਦੀ ਭੱਤਾ, ਕਿਤਾਬਾ ਅਤੇ ਸਟੇਸ਼ਨਰੀ ਭੱਤੇ ਵੀ ਸ਼ਾਮਲ ਹਨ। ਪ੍ਰਵਾਨਤ ਸਕੀਮ ਦੇ ਵੇਰਵੇ **ਅਨੁਲੱਗ-ੳ** ਵਿੱਚ ਦਰਜ ਹਨ।

ਇਸ ਸਕੀਮ ਅਧੀਨ ਨਿਰਧਾਰਤ ਪ੍ਰਫਾਰਮੇ **(ਕਾਪੀ ਅਨੁਲੱਗ-ਅ)** ਵਿੱਚ ਲਾਭਪਾਤਰੀ ਵਲੋਂ ਆਪਣੇ ਬੱਚੇ ਲਈ ਵਜੀਫਾ ਲੈਣ ਲਈ ਦਰਖਾਸਤ ਮੁਕੰਮਲ ਰੂਪ ਵਿੱਚ ਤਿਆਰ ਕਰਕੇ ਅਤੇ ਸਬੰਧਤ ਵਿਦਿਅਕ ਸੰਸਥਾ ਪਾਸੋਂ ਤਸਦੀਕ ਕਰਵਾਕੇ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ/ ਕਿਰਤ ਇੰਸਪੈਕਟਰ ਦੇ ਦਫਤਰ ਵਿੱਚ ਦੇਣੀ ਹੁੰਦੀ ਹੈ। ਸਰਕਾਰ ਦੀ ਪਾਲਿਸੀ ਅਨੁਸਾਰ ਦਰਖਾਸਤਾਂ ਦੀ ਪੜਚੋਲ ਸਬ-ਡਿਵੀਜਨ ਪੱਧਰ ਤੇ ਐਸ.ਡੀ.ਐਮ. ਦੀ ਪ੍ਰਧਾਨਗੀ ਹੇਠ ਬਣਾਈ ਕਮੇਟੀ ਵਲੋਂ ਕੀਤੀ ਜਾਂਦੀ ਹੈ ਅਤੇ ਦਰਖਾਸਤ ਯੋਗ ਪਾਏ ਜਾਣ ਤੇ ਕਮੇਟੀ ਵਲੋਂ ਵਜੀਫੇ ਦੀ ਰਕਮ ਮਨਜੂਰ ਕਰਨ ਲਈ ਸਬੰਧਤ ਡਿਪਟੀ ਕਮਿਸ਼ਨਰ ਨੂੰ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਉਪਰੰਤ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਵਲੋਂ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਮਨੰਜੂਰ ਕੀਤੀਆਂ ਰਕਮਾਂ ਨੂੰ ਜਮਾਂ ਕਰਾਉਣ ਲਈ ਸੂਚੀਆਂ ਬੋਰਡ ਦਫਤਰ ਨੂੰ ਭੇਜੀਆਂ ਜਾਂਦੀਆਂ ਹਨ।

ਰਾਜ ਵਿੱਚ ਵੱਖ-ਵੱਖ ਥਾਵਾਂ ਤੇ ਕੰਮ ਕਰ ਰਹੇ ਐਨ.ਜੀ.ਓਜ਼ ਅਤੇ ਕਿਰਤੀਆਂ ਦੀ ਜੱਥੇਬੰਦੀਆਂ ਵਲੋਂ ਇਸ ਦਫਤਰ ਦੇ ਧਿਆਨ ਵਿੱਚ ਇਹ ਗੱਲ ਲਿਆਂਦੀ ਗਈ ਹੈ ਕਿ ਵਜੀਫੇ ਲਈ ਦਰਖਾਸਤ ਫਾਰਮ ਵਿੱਚ ਦਰਸਾਏ ਸਰਟੀਫਿਕੇਟ ਉੱਤੇ ਕਾਲਜ/ਸਕੂਲ/ਸੰਸਥਾਵਾਂ ਦੇ ਮੁੱਖੀ/ਪ੍ਰਿੰਸੀਪਲ ਵਲੋਂ ਹਸਤਾਖਰ ਕਰਨ ਤੋਂ ਗੁਰੇਜ਼ ਕੀਤਾ ਜਾਂਦਾ ਹੈ ਅਤੇ ਇਹ ਤਰਕ ਦਿਤਾ ਜਾਂਦਾ ਹੈ ਕਿ ਵਿਦਿਆਰਥੀ ਨੂੰ ਸੰਸਥਾ ਜਾਂ ਹੋਰ ਵਿਭਾਗ ਵਲੋਂ ਵਜੀਫਾ ਮਿਲ ਰਿਹਾ ਹੈ ਜਾਂ ਮਨਜ਼ੂਰ ਕੀਤਾ ਜਾਵੇਗਾ।

ਇਸ ਸਬੰਧ ਵਿੱਚ ਇਹ ਦੱਸਣਾ ਯੋਗ ਹੋਵੇਗਾ ਕਿ ਬੋਰਡ ਦੀ ਪ੍ਰਵਾਨਤ ਵਜੀਫਾ ਸਕੀਮ ਦੀਆਂ ਸ਼ਰਤਾਂ ਵਿੱਚ ਹੇਠ ਅਨੁਸਾਰ ਸਪਸ਼ਟ ਕੀਤਾ ਹੋਇਆ ਹੈ:-

> "ਜੇਕਰ ਲਾਭਪਾਤਰੀ ਦੇ ਬੱਚਿਆਂ ਨੂੰ ਵਜੀਫਾ ਸਕੀਮ ਅਧੀਨ ਕਿਸੇ ਹੋਰ ਸੰਸਥਾ/ ਵਿਭਾਗ ਤੋਂ ਲਾਭ ਮਿਲ ਰਿਹਾ ਹੈ ਤਾਂ ਵੀ ਉਸਨੂੰ ਬੋਰਡ ਵਲੋਂ ਇਸ ਸਕੀਮ ਦਾ ਪੂਰਾ ਲਾਭ ਦਿਤਾ ਜਾਵੇਗਾ।"

ਇਸ ਲਈ ਆਪਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਦੱਸੀ ਸਥਿਤੀ ਅਤੇ ਬੋਰਡ ਵਲੋਂ ਲਏ ਫੈਸਲੇ ਨੂੰ ਮੁੱਖ ਰੱਖਦੇ ਹੋਏ ਆਪਣੇ ਅਧੀਨ ਆਉਂਦੇ ਸਕੂਲ/ਕਾਲਜ/ਵਿਦਿਅਕ ਅਤੇ ਤਕਨੀਕੀ ਸੰਸਥਾਵਾਂ ਦੇ ਮੁੱਖੀਆਂ/ਪ੍ਰਿੰਸੀਪਲ ਨੂੰ ਲੋੜੀਂਦੀ ਹਦਾਇਤਾਂ ਜਾਰੀ ਕੀਤੀਆਂ ਜਾਣ ਤਾਂਕਿ ਉਹ ਬੋਰਡ ਦੇ ਲਾਭਪਾਤਰੀ ਦੇ ਬੱਚਿਆਂ ਦੇ ਵਜੀਫਿਆਂ ਸਬੰਧੀ ਦਰਖਾਸਤ ਫਾਰਮ ਵਿੱਚ ਦਿਤੇ ਸਰਟੀਫਿਕੇਟ ਤੇ ਹਸਤਾਖਰ ਕਰਨ ਵਿੱਚ ਦੇਰੀ ਜਾਂ ਗੁਰੇਜ਼ ਨਾ ਕਰਨ ਅਤੇ ਉਹ ਬੋਰਡ ਦੀ ਇਸ ਸਕੀਮ ਦਾ ਪੂਰਾ ਪੂਰਾ ਲਾਭ ਉਠਾ ਸਕਣ।

ਨੱਥੀ/ ਉਕਤ ਅਨੁਸਾਰ

ਸਕੱਤਰ, ਬੋਰਡ

ਪਿਠ ਅੰਕਣ ਨੰ: 6007-6106 ਮਿਤੀ 26.10.15

ਇਸ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਰਾਜ ਦੇ ਸਾਰੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ
2. ਰਾਜ ਦੇ ਸਾਰੇ ਕਿਰਤ ਇੰਸਪੈਕਟਰ ਗ੍ਰੇਡ-1 ਅਤੇ 2

ਡਿਪਟੀ ਸਕੱਤਰ
ਵਾਸਤੇ ਸਕੱਤਰ ਬੋਰਡ

ਅਨੁਲੱਗ 'ੲ'

ਭਲਾਈ ਸਕੀਮ ਨੰ:3: ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆ ਲਈ ਵਜੀਫਾ ਦੇਣ ਬਾਰੇ ਸਕੀਮ।

| ਲੜੀ ਨੰ | ਕਲਾਸ | ਵਜੀਫੇ ਦੀ ਦਰ | | |
|---|---|---|---|---|
| | | ਵਜੀਫੇ ਦੀ ਕੁਲ ਰਕਮ ਪ੍ਰਤੀ ਸਾਲ (ਮਿਤੀ 1.4.2016 ਤੋਂ ਪਹਿਲਾਂ ਦੇ ਰੇਟ) | ਤਜਵੀਜਤ ਰਕਮ ਪ੍ਰਤੀ ਸਾਲ (ਮਿਤੀ 1.4.2016 ਤੋਂ ਲਾਗੂ ਨਵੇਂ ਰੇਟ) | |
| | | | ਲੜਕਿਆਂ ਲਈ | ਲੜਕੀਆਂ ਲਈ |
| 1. | ਪਹਿਲੀ **ਕਲਾਸ** ਤੋਂ ਪੰਜਵੀ ਕਲਾਸ ਤੱਕ | 2,800/- | 3,000/- | 4000/- |
| 2. | ਛੇਵੀਂ ਕਲਾਸ ਤੋਂ ਅਠਵੀ ਕਲਾਸ ਲਈ | 4,000/- | 5,000/- | 7000/- |
| 3. | 9ਵੀਂ, 10ਵੀਂ, | 6,000/- | 10,000/- | 13000/- |
| 4. | +1 ਅਤੇ +2 | 6,000/- | 20,000/- | 25000/- |
| 5. | ੳ) ਕਾਲਜ ਵਿਦਿਆਰਥੀ (ਹਰ ਤਰਾਂ ਦੀ ਗਰੈਜੂਏਸ਼ਨ/ਪੋਸਟ ਗਰੈਜੂਏਸ਼ਨ)<br>ਅ)ਆਈ.ਟੀ.ਆਈ/ਪਾਲੀਟੈਕਨਿਕ ਵਿਚ ਤਕਨੀਕੀ ਅਤੇ ਹੋਰ ਪੇਸ਼ਾਵਰ ਪੜਾਈ,ਏ.ਐਨ.ਐਮ/ ਜੀ.ਐਨ.ਐਮ ਕੋਰਸ | 19,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 34,000/-)** | 25,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 40,000/-)** | 30,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦੀ ਹੈ ਤਾਂ ਕੁੱਲ 45,000/-)** |
| 6. | ਮੈਡੀਕਲ/ਇੰਜੀਨੀਅਰਿੰਗ ਹਰ ਤਰਾਂ ਦੀ ਮੈਡਿਕਲ/ਇੰਜੀਨੀਅਰਿੰਗ ਡਿਗਰੀ | 38,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 58,000/-)** | 40,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 60,000/-)** | 50,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦੀ ਹੈ ਤਾਂ ਕੁੱਲ 70,000/-)** |

**ਵਜੀਫਾ ਸਕੀਮ ਦੀਆਂ ਸ਼ਰਤਾਂ:-**

1. ਪੰਜੀਕ੍ਰਿਤ ਲਾਭਪਾਤਰੀ ਦੇ ਬੱਚਿਆਂ ਨੂੰ ਹੀ ਵਜੀਫੇ ਦਾ ਲਾਭ ਦਿੱਤਾ ਜਾਵੇਗਾ।
2. ਲਾਭਪਾਤਰੀ ਨੂੰ ਖੁੱਦ ਵੀ ਪ੍ਰਵਾਨਤ ਸੰਸਥਾ/ਯੂਨੀਵਰਸਿਟੀ ਵਿੱਚ ਸ਼ਾਮ ਦੀ ਕਲਾਸਾਂ ਵਿੱਚ ਪੜਨ ਲਈ ਵਜੀਫਾ ਦਿੱਤਾ ਜਾਵੇਗਾ।
3. ਪਿਛਲੀ ਕਾਲਸ ਵਿੱਚ ਫੇਲ ਹੋਏ ਕੇਸਾਂ ਵਿੱਚ ਵਜੀਫਾ ਨਹੀਂ ਦਿੱਤਾ ਜਾਵੇਗਾ।
4. ਜੇਕਰ ਲਾਭਪਾਤਰੀ ਨੂੰ ਕਿਸੇ ਅਜਿਹੀ ਸਕੀਮ ਅਧੀਨ ਕਿਸੇ ਹੋਰ ਮਹਿਕਮੇ/ਸੰਸਥਾ ਤੋਂ ਲਾਭ ਮਿਲ ਰਿਹਾ ਹੋਵੇ ਤਾਂ ਵੀ ਉਸਨੂੰ ਬੋਰਡ ਵਲੋਂ ਇਸ ਸਕੀਮ ਅਧੀਨ ਲਾਭ ਦਿਤਾ ਜਾਵੇਗਾ।

ਅਨੁਲੱਗ 'ਅ'

## ਫਾਰਮ ਨੰ: 34 (ਰੂਲ 265 ਵੇਖੋ)

**ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਵਜੀਫੇ ਦੇਣ ਸਬੰਧੀ ਫਾਰਮ।**
**(ਕਿਸੇ ਹੋਰ ਸੰਸਥਾ ਤੋਂ ਅਜਿਹਾ ਲਾਭ ਮਿਲਣ ਦੇ ਬਾਵਜੂਦ ਬੋਰਡ ਦੀ ਇਸ ਸਕੀਮ ਅਧੀਨ ਪੂਰਾ ਲਾਭ ਮਿਲੇਗਾ।)**

**ਵਿਦਿਆਰਥੀ ਦੀ ਤਸਦੀਕ ਸ਼ੁਦਾ ਫੋਟੋ**

**ਲਾਭਪਾਤਰੀ ਦੀ ਤਸਦੀਕ ਸ਼ੁਦਾ ਫੋਟੋ**

1. ਵਿਦਿਆਰਥੀ ਦਾ ਨਾਂ: ____________________
2. ਪਿਤਾ ਦਾ ਨਾ ਅਤੇ ਪਤਾ(ਅਗ੍ਰੇਜੀ/ ਪੰਜਾਬੀ ਮੋਟੇ ਅੱਖਰਾਂ ਵਿਚ) ____________________
3. ਲਾਭਪਾਤਰੀ ਦੇ ਪਿਤਾ ਦਾ ਨਾਂ ____________________
4. ਰਜਿਸਟ੍ਰੇਸ਼ਨ ਨੰ: ____________________
5. ਉਸਾਰੀ ਕੰਮਾਂ ਨਾਲ ਸਬੰਧਤ ਪੇਸ਼ਾ : ____________________
6. ਟੈਲੀਫੋਨ/ ਮੋਬਾਇਲ ਨੰਬਰ ____________________
7. ਅਧਾਰ ਕਾਰਡ ਨੰ: ____________________
8. ਅੰਸ਼ਦਾਨ ਦੀ ਰਾਸ਼ੀ ਕਿਸ ਮਿਤੀ ਤਕ ਜਮ੍ਹਾਂ ਹੈ ____________________
9. ਵਿਦਿਆਰਥੀ ਵਲੋਂ ਪਿਛਲੇ ਸਾਲ ਪਾਸ ਕੀਤੀ ਪ੍ਰੀਖਿਆ (ਸਰਟੀਫਿਕੇਟ ਦੀ ਤਸਦੀਕ ਸੁਦਾ ਕਾਪੀ ਨਾਲ ਲਾਓ) ____________________
10. ਕਲਾਸ ਜਾਂ ਤਕਨੀਕੀ ਕੋਰਸ/ਡਿਗਰੀ ਜਿਸ ਵਿੱਚ ਦਾਖਲਾ ਲਿਆ ਹੈ ਅਤੇ ਦਾਖਲ ਹੋਣ ਦੀ ਮਿਤੀ ____________________
11. ਵਿਦਿਅਕ ਅਦਾਰੇ ਦਾ ਨਾਂ ਅਤੇ ਪਤਾ ____________________
12. ਸਾਈਕਲ ਸਕੀਮ: -
    ੳ.) ਜੇਕਰ ਵਿਦਿਆਰਥੀ ਪੰਜਾਬ ਵਿੱਚ 9ਵੀਂ ਤੋਂ 12ਵੀਂ ਜਮਾਤ ਵਿੱਚ ਪੜ੍ਹਦਾ ਹੈ ਤਾਂ ਕੀ ਉਸਨੇ ਇਨ੍ਹਾਂ ਜਮਾਤਾ ਦੋਰਾਨ ਬੋਰਡ ਪਾਸੋਂ ਸਾਈਕਲ ਸਕੀਮ ਅਧੀਨ ਪਹਿਲਾਂ ਸਾਈਕਲ ਪ੍ਰਾਪਤ ਕੀਤਾ ਹੈ ਜਾਂ ਨਹੀਂ? ____________
    ਅ.) ਜੇਕਰ ਇਨ੍ਹਾਂ ਜਮਾਤਾਂ ਦੋਰਾਨ ਪਹਿਲਾਂ ਸਾਈਕਲ ਨਹੀਂ ਲਿਆ ਹੈ ਤਾਂ ਕੀ ਹੁਣ ਸਾਈਕਲ ਲੈਣ ਦਾ ਇੱਛੁਕ ਹੈ? ____________

**13. ਹੋਸਟਲ ਵਿਚ ਰਹਿਣ ਵਾਲੇ ਵਿਦਿਆਰਥੀ ਬਾਰੇ ਹੇਠ ਲਿਖੀ ਸੂਚਨਾ ਦਿਤੀ ਜਾਵੇ**

| ਲੜੀ ਨੰ: | ਵਿਦਿਆਰਥੀ ਦਾ ਨਾਂ | ਵਿਦਿਅਕ ਅਦਾਰੇ ਦਾ ਨਾਂ | ਹੋਸਟਲ ਵਿਚ ਦਾਖਲ ਹੋਣ ਦੀ ਮਿਤੀ | ਹੋਸਟਲ ਛੱਡਣ ਦੀ ਮਿਤੀ | ਹੋਸਟਲ ਦੀ ਫੀਸ ਪ੍ਰਤੀ ਮਹੀਨਾ | ਸਾਲ ਦੋਰਾਨ ਦਿਤੀ ਗਈ ਕੁੱਲ ਫੀਸ |
|---|---|---|---|---|---|---|
| | | | | | | |

**14. ਲਾਭਪਾਤਰੀ ਦੇ ਬੈਂਕ ਖਾਤੇ ਸਬੰਧੀ ਸੂਚਨਾ**

| ਲੜੀ ਨੰ: | ਬੈਂਕ/ ਬਰਾਂਚ ਦਾ ਨਾਂ ਅਤੇ ਪਤਾ | ਲਾਭਪਾਤਰੀ ਦਾ ਖਾਤਾ ਨੰਬਰ | ਐਨ.ਈ.ਐਫ.ਟੀ ਨੰਬਰ |
|---|---|---|---|
| | | | |

ਮੈਂ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਪਿਛਲੀ ਸਲਾਨਾ ਪ੍ਰੀਖਿਆ ਵਿੱਚੋਂ ਫੇਲ ਨਹੀਂ ਹੋਇਆ/ਹੋਈ ਅਤੇ ਉਪਰ ਦਿੱਤੇ ਗਏ ਵੇਰਵੇ ਠੀਕ ਹਨ।

**ਵਿਦਿਆਰਥੀ ਦੇ ਹਸਤਾਖਰ**

ਤਸਦੀਕ ਕੀਤਾ ਜਾਂਦਾ ਹੈ ਕਿ ਮੇਰਾ ਲੜਕਾ/ਲੜਕੀ ਜਿਸਦਾ ਵੇਰਵਾ ਉਪਰ ਦਿਤਾ ਹੈ ਉਹ ____________ ਸਕੂਲ/ ਕਾਲਜ ਵਿਚ ____________ ਕਲਾਸ ਵਿਚ ਪੜ੍ਹਦਾ ਹੈ।

**ਲਾਭਪਾਤਰੀ ਦੇ ਹਸਤਾਖਰ**

**ਵਿੱਦਿਅਕ ਸੰਸਥਾ ਵਲੋਂ ਸਰਟੀਫਿਕੇਟ (ਦਰਖਾਸਤ ਫਾਰਮ ਦੇ ਕਾਲਮ ਨੰ: 9 ਤੋਂ 11 ਅਤੇ 13 ਅਨੁਸਾਰ)**

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਮਿਸ/ਸ੍ਰੀ/ ਸ੍ਰੀਮਤੀ____________ ਪੁੱਤਰ/ਪੱਤਰੀ ਸ੍ਰੀ/ਸ੍ਰੀਮਤੀ ____________ ਇਸ ਸਕੂਲ/ਕਾਲਜ/ਸੰਸਥਾ ਦਾ ਵਿਦਿਆਰਥੀ ਹੈ ਅਤੇ ਵਿਦਿਅਕ ਸਾਲ ____________ ਦੋਰਾਨ________ ਕਲਾਸ ਵਿੱਚ ਪੜ ਰਿਹਾ ਹੈ ਅਤੇ ਉਹ ਪਿਛਲੀ ਕਲਾਸ ਵਿਚ ਫੇਲ ਨਹੀਂ ਹੋਇਆ ਸੀ। ਉਸ ਵਲੋਂ ਪਿਛਲੀ ਪ੍ਰੀਖਿਆ/ਕਲਾਸ__________ ਮਹੀਨਾ __________ ਸਾਲ ਵਿੱਚ ਪਾਸ ਕੀਤੀ ਗਈ ਹੈ।

ਇਹ ਵੀ ਤਸਦੀਕ ਕੀਤਾ ਜਾਂਦਾ ਹੈ ਕਿ ਮਿਸ/ਸ੍ਰੀ/ਸ੍ਰੀਮਤੀ ____________ ਇਸ ਵਿਦਿਅਕ ਅਦਾਰੇ ਦੇ ਹੋਸਟਲ ਵਿਚ ਮਿਤੀ ____________ ਤੋਂ ਰਹਿ ਰਿਹਾ/ਰਹੀ ਹੈ ਅਤੇ ਉਸ ਵਲੋਂ ਵਿਦਿਅਕ ਸਾਲ ਦੋਰਾਨ__________ ਰੁਪਏ ਹੋਸਟਲ ਫੀਸ ਅਦਾ ਕੀਤੀ ਗਈ ਹੈ।

**ਸੰਸਥਾਂ ਦੇ ਮੁੱਖੀ ਦੇ ਹਸਤਾਖਰ ਅਤੇ ਦਫਤਰ ਦੀ ਮੋਹਰ**

### ਪੜਤਾਲੀਆ ਰਿਪੋਰਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਅਰਜੀ ਫਾਰਮ ਵਿੱਚ ਦਰਸਾਏ ਤੱਥ ਮੈਂ ਨਿਜੀ ਤੋਰ ਤੇ ਮਿਤੀ ____________ ਨੂੰ ____________ ਮੋਕੇ ਤੇ ਚੈਕ ਕੀਤੇ ਅਤੇ ਸੂਚਨਾ ਠੀਕ ਪਾਈ ਗਈ । ਇਸ ਨੂੰ ₹ ____________ ਦੀ ਰਾਸ਼ੀ ਬਤੌਰ ਵਜੀਫਾ ਅਤੇ ____________ ਰੁਪਏ ਬਤੌਰ ਹੋਸਟਲ ਫੀਸ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

**ਕਿਰਤ ਇੰਸਪੈਕਟਰ ਦੇ ਹਸਤਾਖਰ ਅਤੇ ਮੋਹਰ**

ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਕਿਰਤ ਇੰਸਪੈਕਟਰ ਦੀ ਉਪਰੋਕਤ ਰਿਪੋਰਟ ਨਾਲ ਸਹਿਮਤ ਹਾਂ ਅਤੇ ਲਾਭਪਾਤਰੀ ਨੂੰ ਉਪਰੋਕਤ ਲਾਭ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

**ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਦੇ ਹਸਤਾਖਰ ਅਤੇ ਮੋਹਰ**

# ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਜ਼ ਵੈਲਫੇਅਰ ਬੋਰਡ

17 ਬੇਜ਼ ਬਿਲਡਿੰਗ, ਸੈਕਟਰ 17-ਡੀ, ਚੰਡੀਗੜ੍ਹ।
(0172-2540125)

ਸੇਵਾ ਵਿਖੇ

1) ਡਾਇਰੈਕਟਰ,
ਪਬਲਿਕ ਇੰਸਟਰਕਸ਼ਨ (ਪ੍ਰਾਇਮਰੀ), ਪੰਜਾਬ, ਚੰਡੀਗੜ੍ਹ।
2) ਡਾਇਰੈਕਟਰ,
ਪਬਲਿਕ ਇੰਸਟਰਕਸ਼ਨ (ਕਾਲਜ), ਪੰਜਾਬ, ਚੰਡੀਗੜ੍ਹ।
3) ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ।

ਨੰ: ਬਕਵਵਬ/ਭਲਾਈ ਸਕੀਮ /ਵਜੀਫੇ/2015/ 9743-9745
ਮਿਤੀ: 8.4.16

**ਵਿਸ਼ਾ:-** **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਸ਼ਨ ਵਰਕਜ਼ ਵੈਲਫੇਅਰ ਬੋਰਡ ਤੇ ਪੰਜੀਕ੍ਰਿਤ ਉਸਾਰੀ ਲਾਭਪਾਤਰੀਆਂ ਦੇ ਬੱਚਿਆ ਨੂੰ ਪੜਾਈ ਦੋਰਾਨ ਵਜੀਫੇ ਦੇਣ ਬਾਰੇ ਸਕੀਮ।**

**ਹਵਾਲਾ:-** **ਇਸ ਦਫਤਰ ਦਾ ਪੱਤਰ ਨੰ:6003-6006 ਮਿਤੀ 26.10.2015 ਉਪਰੋਕਤ ਵਿਸ਼ੇ ਤੇ।**

ਉਪਰਕੋਤ ਵਿਸ਼ੇ ਦੇ ਸੰਬਧ ਵਿਚ ਆਪ ਨੂੰ ਹਵਾਲਾ ਅਧੀਨ ਪੱਤਰ (ਕਾਪੀ ਨੱਥੀ ਹੈ) ਰਾਹੀ 'ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਸ਼ਨ ਵਰਕਜ਼ ਵੈਲਫੇਅਰ ਬੋਰਡ' ਵਲੋ ਰਜਿਸਟਰਡ ਲਾਭਪਾਤਰੀਆਂ ਦੇ ਬੱਚਿਆ ਲਈ ਲਾਗੂ ਕੀਤੀ ਵਜੀਫਾ ਸਕੀਮ ਦੀ ਕਾਪੀ ਭੇਜੀ ਗਈ ਸੀ। ਇਸ ਸਬੰਧ ਵਿਚ ਆਪ ਨੂੰ ਬੇਨਤੀ ਕੀਤੀ ਗਈ ਸੀ ਕਿ ਇਸ ਸਕੀਮ ਅਧੀਨ ਬੋਰਡ ਵਲੋ ਲਏ ਫੈਸਲੇ ਨੂੰ ਮੁੱਖ ਰਖਦੇ ਹੋਏ ਆਪਣੇ ਅਧੀਨ ਆਉਦੇ ਸਕੂਲ/ਕਾਲਜ/ਵਿਦਿਅਕ ਅਤੇ ਤਕਨੀਕੀ ਸੰਸਥਾਵਾ ਦੇ ਮੁੱਖੀਆ / ਪ੍ਰਿੰਸੀਪਲ ਨੂੰ ਲੋੜੀਦੀ ਹਦਾਇਤਾ ਜਾਰੀ ਕੀਤੀ ਜਾਣ ਕਿ ਉਹ ਬੋਰਡ ਦੇ ਲਾਭਪਾਤਰੀ ਦੇ ਬੱਚਿਆ ਦੇ ਵਜੀਫਿਆ ਸਬੰਧੀ ਦਰਖਾਸਤ ਫਾਰਮ ਵਿਚ ਦਿੱਤੇ ਸਰਫੀਫਿਕੇਟ ਤੇ ਹਸਤਾਖਰ ਕਰਨ ਵਿਚ ਦੇਰੀ ਜਾਂ ਗੁਰੇਜ ਨਾ ਕਰਨ ਪੰਰਤੂ ਆਪ ਵਲੋ ਅਜੇ ਤਕ ਆਪਣੇ ਅਧੀਨ ਆਉਦੇ ਸਕੂਲ/ਕਾਲਜ/ਵਿਦਿਅਕ ਅਤੇ ਤਕਨੀਕੀ ਸੰਸਥਾਵਾ ਦੇ ਮੁੱਖੀਆ/ ਪ੍ਰਿੰਸੀਪਲਾਂ ਨੂੰ ਲੋੜੀਦੀ ਹਦਾਇਤਾ ਜਾਰੀ ਨਹੀ ਕੀਤੀਆਂ ਗਈਆਂ। ਇਸ ਸੰਬਧ ਵਿਚ ਰੋਜਾਨਾ ਰਾਜ ਦੀ ਐਨ.ਜੀ.ਓ ਅਤੇ ਕਿਰਤੀਆ ਜੱਥੇਬੰਦੀਆ ਵਲੋ ਇਸ ਦਫਤਰ ਨਾਲ ਸਪੰਰਕ ਕਰਕੇ ਇਸ ਗੱਲ ਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਲਾਭਪਾਤਰੀਆਂ ਦੇ ਬੱਚਿਆ ਦੇ ਵਜੀਫੇ ਦੀਆਂ ਦਰਖਾਸਤਾ ਤੇ ਹਸਤਾਖਰ ਕਰਨ ਲਈ ਵਿਦਿਅਕ /ਤਕਨੀਕੀ ਸੰਸਥਾਵਾ ਦੇ ਮੁੱਖੀਆ/ ਪ੍ਰਿੰਸੀਪਲਾਂ ਨੂੰ ਹਸਤਾਖਰ ਕਰਨ ਲਈ ਲਿਖਿਆ ਜਾਵੇ ਤਾਂ ਕਿ ਗਰੀਬ ਵਰਗ ਦੇ ਰਜਿਸਟਰਡ ਉਸਾਰੀ ਕਿਰਤੀ ਸਕੀਮ ਦਾ ਲਾਭ ਲੈ ਸਕਣ।

ਆਪ ਨੂੰ ਮੁੜ ਬੇਨਤੀ ਕੀਤੀ ਜਾਦੀ ਹੈ ਕਿ ਆਪਣੇ ਅਧੀਨ ਵਿਦਿਅਕ/ਤਕਨੀਕੀ ਸੰਸਥਾਵਾ ਦੇ ਮੁੱਖਿਆ/ ਪ੍ਰਿੰਸੀਪਲ ਨੂੰ ਲੋੜੀਦੀ ਹਦਾਇਤਾ ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਡਿਪਟੀ ਸਕੱਤਰ ਬੋਰਡ